# 2011 ਵਿਸ਼ੇ ਸਬੰਧੀ ਘੋਸ਼ਣਾ

ਪਿਛਲੇ ਸਾਲ, 'ਸੈਂਟਰ ਫੌਰ ਵੁੱਮੇਨ ਗਲੋਬਲ ਲੀਡਰਸ਼ਿਪ (ਸੀ ਡਬਲਿਊ ਜੀ ਐਲ) ਨੇ ਔਰਤਾਂ ਵਿਰੁੱਧ ਹਿੰਸਾ ਅਤੇ ਜੰਗਾਂ ਨੂੰ ਰੋਕਣ ਸਬੰਧੀ ਵਿਸ਼ੇ ਨੂੰ ਲੈ ਕੇ ਇਕ ਮੁਹਿੰਮ ਸ਼ੁਰੂ ਕੀਤੀ, ਤਾਂਕਿ ਇਹ ਲੱਭਿਆ ਜਾ ਸਕੇ ਕਿ ਉਹ ਕਿਹੜੇ-ਕਿਹੜੇ ਸਮਾਜਿਕ-ਆਰਥਿਕ ਪਹਿਲੂ ਹਨ, ਜਿਹੜੇ ਕਿ ਔਰਤਾਂ ਅਤੇ ਲੜਕੀਆਂ ਵਿਰੁੱਧ ਹੁੰਦੀ ਹਿੰਸਾ ਨੂੰ ਵਧਾਵਾ ਦਿੰਦੇ ਅਤੇ ਕਾਇਮ ਰਖਦੇ ਹਨ। ਜੰਗ ਜਾਂ ਯੁੱਧ ਨੂੰ ਕਈ ਪ੍ਰਕਾਰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਜੰਗ ਬਾਰੇ ਸਾਡੀ ਪਰਿਭਾਸ਼ਾ ਇਹ ਹੈ ਕਿ ਇਸ ਰਾਹੀਂ ਡਰ ਅਤੇ ਭੈਅ ਪੈਦਾ ਹੁੰਦਾ ਹੈ ਅਤੇ ਇਸ ਵਿਚ ਆਪਣੇ ਆਰਥਿਕ ਤੇ ਰਾਜਨੀਤਕ ਲਾਭਾਂ ਸਬੰਧੀ ਝਗੜਿਆਂ ਨੂੰ ਨਜਿੱਠਣ ਹਿਤ ਹਿੰਸਾ, ਹਮਲੇ ਅਤੇ ਫੌਜੀ ਕਾਰਵਾਈ ਜਾਂ ਦਖ਼ਲਅੰਦਾਜ਼ੀ ਤੋਂ ਕੰਮ ਲਿਆ ਜਾਂਦਾ ਹੈ। ਯੁੱਧ ਸਮੇਂ ਕੁਝ ਮਰਦਾਂ ਵਲੋਂ ਆਪਣਾ ਹਿੰਸਕ ਮਰਦਾਉਪੁਣਾ ਦਿਖਾਇਆ ਜਾਂਦਾ ਹੈ, ਜਿਸ ਨਾਲ ਔਰਤਾਂ ਦੀ ਸੁਰੱਖਿਆ ਅਤੇ ਹਿਫ਼ਾਜ਼ਿਤ ਖ਼ਤਰੇ ਵਿਚ ਪੈ ਜਾਂਦੀ ਹੈ ਜਿਸਦੇ ਬੜੇ ਮਾੜੇ ਨਤੀਜੇ ਨਿਕਲਦੇ ਹਨ। ਅਜੋਕੀ ਦੁਨੀਆਂ ਵਿਚ ਵਾਪਰੀਆਂ ਘਟਨਾਵਾਂ ਵਿਚ, ਮਿਲਟਰੀ ਦੀ ਦਖ਼ਲਅੰਦਾਜ਼ੀ, ਔਰਤਾਂ ਦੀ ਬੇਪੱਤੀ, ਸਿਵਲ ਨਾਗਰਿਕਾਂ ਉਤੇ ਹਮਲੇ ਸ਼ਾਮਿਲ ਹਨ, ਜੋਕਿ ਰਾਜਨੀਤਕ ਤਬਦੀਲੀ, ਚਲ ਰਹੇ ਝਗੜਿਆਂ ਆਦਿ ਦੇ ਫਲਸਰੂਪ ਹੋਏ ਹਨ। ਇਨ੍ਹਾਂ ਯੁੱਧਾਂ ਅਤੇ ਲੜਾਈਆਂ ਦੀਆਂ ਨਿਵੇਕਲੀਆਂ ਮਿਸਾਲਾਂ ਤੋਂ ਇਹੀ ਪ੍ਰਭਾਵ ਮਿਲਦਾ ਹੈ ਕਿ ਅਸੀਂ ਆਪਣੇ ਗੁਆਂਢੀਆਂ, ਪਰਿਵਾਰਾਂ, ਜਨ-ਜੀਵਨ ਅਤੇ ਦੂਜੇ ਦੇਸ਼ਾਂ ਨੂੰ ਕਿਵੇਂ ਦੇਖਦੇ ਅਤੇ ਮਹਿਸੂਸਦੇ ਹਾਂ।

ਪਿਛਲੇ ਵਰ੍ਹੇ 'ਸੀ ਡਬਲਿਊ ਜੀ ਐਲ' ਨੇ ਅਨੁਭਵ ਕੀਤਾ ਕਿ ਇਹ ਵਿਸ਼ਾ ਸਰਗਰਮ-ਕਾਰਜਕਰਤਾਵਾਂ ਵਿਚ ਬੜਾ ਮਕਬੂਲ ਹੋਇਆ ਹੈ। ਮੌਜ਼ੰਮਬੀਕ ਤੋਂ ਇਕ ਸਰਗਰਮ ਕਾਰਜਕਰਤਾ ਨੇ ਇਥੋਂ ਤੱਕ ਕਿਹਾ ਕਿ "ਜੇਕਰ ਘਰਾਂ ਵਿਚ ਲੜਾਈ ਰਹੇਗੀ, ਤਾਂ ਦੁਨੀਆਂ ਵਿਚ ਸ਼ਾਂਤੀ ਕਦੇ ਨਹੀਂ ਆ ਸਕਦੀ।" ਉਸ ਕਾਰਜਕਰਤਾ ਦੇ ਵਿਚਾਰ ਸਾਡੇ ਤੱਕ ਪਹੁੰਚੇ ਹਨ ਅਤੇ ਇਸ ਸਾਲ ਦਾ ਵਿਸ਼ਾ ਵੀ ਇਸੇ ਗੁੰਝਲਦਾਰ ਰਿਸ਼ਤੇ ਨੂੰ ਦਰਸਾਂਦਾ ਹੈ ਕਿ ਘਰ ਵਿਚਲੀ ਸ਼ਾਂਤੀ ਹੀ ਦੁਨੀਆਂ ਵਿਚ ਸ਼ਾਂਤੀ ਲਿਆ ਸਕਦੀ ਹੈ। ਇਸ ਗੱਲ ਤੇ ਵੀ ਜ਼ੋਰ ਦਿੱਤਾ ਗਿਆ ਕਿ ਸਾਡੇ ਜੀਵਨ ਨੂੰ ਲੜਾਈ ਤੇ ਜੰਗ ਬਹੁਤ ਪ੍ਰਭਾਵਿਤ ਕਰਦੀ ਹੈ। ਇਸ ਕਰਕੇ ਸਾਲ-2011 ਦਾ ਨਾਅਰਾ ਹੈ :

**ਘਰ ਦੀ ਸ਼ਾਂਤੀ ਤੋਂ ਸੰਸਾਰ ਦੀ ਸ਼ਾਂਤੀ ਤਕ ਆਉ ਯੁੱਧ ਨੂੰ ਚੁਨੌਤੀ**
**ਦੇਈਏ ਅਤੇ ਔਰਤਾਂ ਵਿਰੁੱਧ ਹੁੰਦੀ ਹਿੰਸਾ ਦਾ ਖਾਤਮਾ ਕਰੀਏ !**

ਸਾਲ-2010 ਦੀ ਮੁਹਿੰਮ ਦੌਰਾਨ, ਭਾਗ ਲੈਣ ਵਾਲੇ ਕਾਰਜਕਰਤਾਵਾਂ ਦੁਆਰਾ ਇੱਕਤਰ ਕੀਤੀ ਗਈ ਸੂਚਨਾ ਦੇ ਆਧਾਰ ਤੇ, ਇਸ ਸਾਲ ਦੀ 16-ਦਿਨਾਂ ਮੁਹਿੰਮ ਵਿਚ ਉਨ੍ਹਾਂ ਪੰਜ ਨੁਕਤਿਆਂ ਸਬੰਧੀ ਖੋਜ ਕੀਤੀ ਜਾਏਗੀ, ਜਿਨ੍ਹਾਂ ਨੂੰ ਔਰਤਾਂ ਵਿਰੁੱਧ ਹਿੰਸਾ ਅਤੇ ਜੰਗਾਂ ਨੂੰ ਰੋਕਣ ਸਬੰਧੀ ਪ੍ਰਾਥਮਿਕਤਾ ਦਿੱਤੀ ਗਈ ਸੀ :

1. ਜੰਗ ਨੂੰ ਚੁਨੌਤੀ ਦੇਣ ਲਈ ਔਰਤਾਂ, ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ ਸਬੰਧੀ ਲਹਿਰਾਂ ਨੂੰ ਇਕਜੁੱਟ ਕਰਨਾ : ਕਈ ਦਹਾਕਿਆਂ ਤੋਂ ਔਰਤਾਂ ਸਬੰਧੀ, ਮਨੁੱਖੀ ਅਧਿਕਾਰਾਂ ਸਬੰਧੀ ਅਤੇ ਸ਼ਾਂਤੀ ਸਬੰਧੀ ਲਹਿਰਾਂ ਨੇ ਔਰਤਾਂ ਦੇ ਅਧਿਕਾਰਾਂ ਲਈ ਬੜੇ ਸ਼ਾਂਤੀਪੂਰਬਕ ਢੰਗ-ਤਰੀਕੇ ਵਰਤੇ ਹਨ। ਇਨ੍ਹਾਂ ਲਹਿਰਾਂ ਨੇ ਉਨ੍ਹਾਂ ਸਮਾਜਿਕ ਤੇ ਆਰਥਿਕ ਰਵਾਇਤਾਂ ਨੂੰ ਚੁਨੌਤੀ ਦਿੱਤੀ ਹੈ, ਜਿਹੜੀਆਂ ਔਰਤਾਂ ਵਿਰੁੱਧ ਹਿੰਸਾ ਅਤੇ ਭੇਦਭਾਵ ਨੂੰ ਕਾਇਮ ਰਖ ਰਹੀਆਂ ਹਨ। ਇਕ ਵਧੀਆ ਸੰਸਾਰ ਸਿਰਜਣ ਲਈ ਬੇਸ਼ੱਕ ਸਾਡੀਆਂ ਵੱਖ-ਵੱਖ ਕੋਸ਼ਿਸ਼ਾਂ ਜਾਰੀ ਹਨ, ਲੇਕਿਨ ਯੁੱਧਾਂ ਨੂੰ ਰੋਕਣ ਅਤੇ ਔਰਤਾਂ ਦੇ ਵਿਕਲਪ ਨੂੰ ਅੱਗੇ ਲਿਆਉਣ ਵਿਚ ਸਾਡੀਆਂ ਰਵਾਇਤਾਂ ਅਤੇ ਰੂੜ੍ਹੀਆਂ ਦੀ ਹਿਮਾਇਤ ਇਕ ਚੁਨੌਤੀ ਬਣਕੇ ਆ ਖਲੋਂਦੀ ਹੈ। ਸਿਵਲ- ਸੁਸਾਇਟੀ, ਸੁਰੱਖਿਆ ਨੂੰ ਵਧੇਰੇ ਵਿਆਪਕ ਰੂਪ ਵਿਚ ਸਮਝਦੀ ਹੋਈ, ਇਕ ਨਿਰਣਾਕਾਰੀ ਰੋਲ ਅਦਾ ਕਰਦੀ ਹੈ, ਤਾਂਕਿ ਸਾਰੇ ਲੋਕਾਂ ਨੂੰ ਸ਼ਾਂਤੀ ਨਾਲ ਰਹਿਣ ਅਤੇ ਮਨੁੱਖੀ ਅਧਿਕਾਰ ਮਾਨਣ ਦਾ ਹੱਕ ਮਿਲ ਸਕੇ। ਐਸੇ ਬਹੁਤ ਸਾਰੇ ਅੰਤਰਰਾਸ਼ਟਰੀ ਅਦਾਰੇ ਅਤੇ ਸੰਸਥਾਵਾਂ ਹਨ, ਜਿਹੜੀਆਂ ਸਾਡੀ

ਮਦਦ ਕਰ ਸਕਦੀਆਂ ਹਨ ਕਿ ਅਸੀਂ ਆਪਣੀ ਸਰਕਾਰ ਨੂੰ ਆਪਣੇ ਅਧਿਕਾਰਾਂ ਲਈ ਜਵਾਬਦੇਹ ਬਣਾ ਸਕੀਏ। (ਜਿਵੇਂ ਕਿ ਬੀਜਿੰਗ ਪਲੈਟਫਾਰਮ-ਫੌਰ ਐਕਸ਼ਨ, ਸੀ ਈ ਡੀ ਏ ਡਬਲਿਊ, ਇੰਟਰਨੈਸ਼ਨਲ ਹਿਊਮੈਨੀਟੇਰੀਅਨ ਲਾਅ, ਹਿਊਮਨ ਰਾਈਟਸ ਕੌਂਸਲ, ਸੁਰੱਖਿਆ ਕੌਂਸਲ ਦਾ ਮਤਾ 1325, 1820, 1888, 1889, 1960, ਜੋਕਿ ਔਰਤਾਂ, ਸ਼ਾਂਤੀ ਅਤੇ ਸੁਰੱਖਿਆ ਆਦਿ ਨਾਲ ਸਬੰਧਿਤ ਸੀ)।

2. ਛੋਟੇ ਹਥਿਆਰਾਂ ਦਾ ਵਾਧਾ ਅਤੇ ਘਰੇਲੂ-ਹਿੰਸਾ ਵਿਚ ਉਨ੍ਹਾਂ ਦਾ ਰੋਲ : ਸੰਸਾਰ ਦੇ ਹਰੇਕ ਦੇਸ਼ ਵਿਚ ਹੁੰਦੀ ਘਰੇਲੂ ਹਿੰਸਾ, ਇਕ ਸੱਚ ਹੈ। ਇਹ ਹਿੰਸਾ ਹੋਰ ਵੀ ਖ਼ਤਰਨਾਕ ਹੋ ਜਾਂਦੀ ਹੈ, ਜਦੋਂ ਘਰ ਵਿਚ ਬੰਦੂਕਾਂ ਰਖੀਆਂ ਹੋਣ, ਕਿਉਂ ਜੋ ਇਨ੍ਹਾਂ ਨਾਲ ਘਰ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਡਰਾਇਆ-ਧਮਕਾਇਆ, ਫੱਟੜ ਕੀਤਾ ਜਾਂ ਮਾਰਿਆ ਜਾ ਸਕਦਾ ਹੈ। ਇੰਟਰਨੈਸ਼ਨਲ ਐਕਸ਼ਨ ਨੈੱਟਵਰਕ ਔਨ ਸਮਾਲ-ਆਰਮਜ਼ (ਆਈ ਏ ਐਨ ਐਸ ਏ) ਵੂਮੈਂਨਜ਼ ਨੈੱਟਵਰਕ' ਅਨੁਸਾਰ, ਜੇਕਰ ਘਰ ਵਿਚ ਬੰਦੂਕ ਰਖੀ ਪਈ ਹੋਏ ਤਾਂ ਔਰਤਾਂ ਦੀਆਂ ਤਿੰਨ ਗੁਣਾਂ ਵਧੇਰੇ ਹਿੰਸਕ-ਮੌਤਾਂ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਦੁਨਿਆਈ ਝਗੜਿਆਂ ਵਿਚ ਵੀ ਲੋਕਾਂ ਦੇ ਨਾਲ ਹੋਏ ਹਾਦਸਿਆਂ ਦਾ ਕਾਰਣ ਵੀ ਛੋਟੇ ਹਥਿਆਰਾਂ ਦਾ ਕੋਲ ਹੋਣਾ ਹੈ। ਛੋਟੇ ਹਥਿਆਰਾਂ ਨਾਲ ਕੇਵਲ ਔਰਤਾਂ ਪ੍ਰਤੀ ਹੀ ਹਿੰਸਾ ਨਹੀਂ ਕੀਤੀ ਜਾਂਦੀ ਸਗੋਂ ਆਪਣੀ ਮਰਦਾਨਗੀ ਦਿਖਾਉਣ ਲਈ ਵੀ ਇਨ੍ਹਾਂ ਹਥਿਆਰਾਂ ਨੂੰ ਹਮੇਸ਼ਾ ਕੋਲ ਰਖਿਆ ਜਾਂਦਾ ਹੈ। ਹਿੰਸਾ ਦਾ ਫੌਰੀ ਕਾਰਣ ਬੰਦੂਕਾਂ ਦਾ ਕੋਲ ਹੋਣਾ ਹੀ ਹੈ : ਦੂਜੇ ਸ਼ਬਦਾਂ ਵਿਚ, ਜਿੰਨੀਆਂ ਬੰਦੂਕਾਂ ਹੋਣਗੀਆਂ ਔਰਤਾਂ ਨੂੰ ਉਹਨਾਂ ਹੀ ਖਤਰਾ ਬਣਿਆ ਰਹੇਗਾ। ਇਸ ਦੇ ਨਤੀਜੇ ਵਜੋਂ, ਅਸੀਂ ਇਸ ਸਾਲ ਛੋਟੇ ਹਥਿਆਰਾਂ ਦੀ ਵਿਕਰੀ, ਵਪਾਰ, ਇਨ੍ਹਾਂ ਦਾ ਵਾਧਾ ਅਤੇ ਇਨ੍ਹਾਂ ਦੀ ਗਲਤ ਵਰਤੋਂ ਵਲ ਵੀ ਧਿਆਨ ਦੇਵਾਂਗੇ।

3. ਝਗੜੇ ਤੋਂ ਬਾਅਦ ਅਤੇ ਝਗੜੇ ਦੌਰਾਨ, ਜਿਨਸੀ-ਹਿੰਸਾ : ਕਿਸੇ ਲੜਾਈ ਦੌਰਾਨ, ਔਰਤਾਂ ਨਾਲ ਕੀਤੇ ਜਾਂਦੇ ਬਲਾਤਕਾਰ ਨੂੰ ਵੀ ਇਕ ਚਾਲ ਦੇ ਰੂਪ ਵਿਚ ਸਮਝਿਆ ਜਾਂਦਾ ਹੈ, ਜਿਸ ਨਾਲ ਉਸਨੂੰ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਅਤੇ ਉਨ੍ਹਾਂ ਦੇ ਭਾਈਚਾਰੇ ਨੂੰ ਨੀਵਾਂ ਦਿਖਾਉਣਾ ਜਾਂ ਸਜ਼ਾ ਦੇਣਾ ਹੁੰਦਾ ਹੈ। ਝਗੜੇ ਜਾਂ ਲੜਾਈ ਦੌਰਾਨ, ਜਾਂ ਉਸਤੋਂ ਮਗਰੋਂ ਕੀਤੀ ਜਿਨਸੀ- ਹਿੰਸਾ ਆਪਣੀ ਮਰਦਾਨਗੀ ਦਿਖਾਉਣ ਲਈ ਅਤੇ ਰਾਜਨੀਤਕ-ਚੌਧਰ ਦਿਖਾਉਣ ਲਈ ਹੁੰਦੀ ਹੈ। ਪਿਛਲੇ ਸਾਲਾਂ ਵਿਚ ਇਸ ਜੁਰਮ ਵਲ ਵਧੇਰੇ ਧਿਆਨ ਦਿੱਤਾ ਗਿਆ ਹੈ, ਫੇਰ ਵੀ ਜਿਨਸੀ-ਹਿੰਸਾ, ਔਰਤਾਂ ਦੀ ਸੁੱਰਖਿਆ ਵਿਚ ਇਕ ਰੁਕਾਵਟ ਬਣੀ ਹੋਈ ਹੈ, ਕਿਉਂ ਜੋ ਇਸਦਾ ਅਸਰ ਉਨ੍ਹਾਂ ਤੇ ਸਰੀਰਕ, ਮਾਨਸਿਕ ਅਤੇ ਸਮਾਜਿਕ ਰੂਪ ਵਿਚ ਬੜਾ ਮਾੜਾ ਹੁੰਦਾ ਹੈ।

4. ਔਰਤਾਂ ਵਿਰੁੱਧ ਰਾਜਨੀਤਕ ਹਿੰਸਾ, ਜਿਸ ਵਿਚ ਚੋਣ-ਹਿੰਸਾ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਦੀ ਹਿੰਸਾ ਵੀ ਸ਼ਾਮਿਲ ਹੈ : ਰਾਜਨੀਤਕ ਟੀਚੇ ਹਾਸਿਲ ਕਰਨ ਹਿਤ ਵਰਤੀ ਗਈ ਹਿੰਸਾ ਦੌਰਾਨ, ਵਿਸ਼ੇਸ਼ ਕਿਸਮ ਦੀ ਜਿਨਸੀ-ਹਿੰਸਾ ਸ਼ਾਮਿਲ ਹੁੰਦੀ ਹੈ। ਚੋਣਾਂ ਦੌਰਾਨ ਹਿੰਸਾ ਵਿਚ ਔਰਤਾਂ ਨਾਲ ਜਿਨਸੀ-ਹਿੰਸਾ ਅਤੇ ਤੰਗ-ਪਰੇਸ਼ਾਨ ਕਰਨਾ ਜਾਂ ਗੁਜ਼ਾਰਾ ਕਰ ਰਹੀਆਂ ਔਰਤਾਂ ਅਤੇ ਰਾਜਨੀਤਕ ਉਮੀਦਵਾਰਾਂ ਨਾਲ ਛੇੜਖਾਨੀ ਕਰਨਾ, ਰਾਜਨੀਤਕ ਅਤੇ ਜਨਤਕ ਥਾਵਾਂ ਤੇ ਔਰਤਾਂ ਨਾਲ ਨਫ਼ਰਤ ਦੀ ਭਾਵਨਾ ਦਿਖਾਉਣਾ, ਇਸ ਪ੍ਰਕਾਰ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਇਥੋਂ ਤੱਕ ਕਿ ਔਰਤਾਂ ਨੂੰ ਨਵੀਂ ਬਣੀ ਸਰਕਾਰ ਵਿਚ ਕਿਸੇ ਰਾਜਨੀਤਕ ਅਹੁਦੇ ਤੋਂ ਵਾਂਝਿਆ ਰਖਿਆ ਜਾਂਦਾ ਹੈ, ਜਦੋਂ ਕਿ ਉਨ੍ਹਾਂ ਨੇ ਸ਼ਾਂਤੀਪੂਰਬਕ ਕਰਾਂਤੀ ਵਿਚ ਮੁੱਖ ਭੂਮਿਕਾ ਨਿਭਾਈ ਹੁੰਦੀ ਹੈ। ਉਹ ਸਰਕਾਰਾਂ, ਜਿਹੜੀਆਂ ਆਪਣੇ ਨਾਗਰਿਕਾਂ ਵਿਰੁੱਧ ਤਾਕਤ ਵਰਤਦੀਆਂ ਹਨ, ਉਹ "ਐਮਰਜੈਂਸੀ" ਵੇਲੇ ਕਾਨੂੰਨ ਦੇ ਨਿਯਮ ਭੰਗ ਕਰ ਦਿੰਦੀਆਂ ਹਨ। ਉਹ ਪਰਜਾਤੰਤਰ ਨੂੰ ਦਬਾਉਣ ਲਈ "ਅਤਿਵਾਦ ਵਿਰੋਧੀ" ਕਾਨੂੰਨ ਲਾਗੂ ਕਰ ਦਿੰਦੀਆਂ ਹਨ ਜਾਂ ਫੌਜੀ ਤਰੀਕਿਆਂ ਰਾਹੀਂ, ਮਨੁੱਖੀ ਅਧਿਕਾਰਾਂ ਦੇ ਹਿਮਾਇਤੀਆਂ ਨੂੰ ਚੁੱਪ ਕਰਵਾ ਦਿੰਦੀਆਂ ਹਨ, ਇਹ ਕਹਿਕੇ ਕਿ ਉਨ੍ਹਾਂ ਦੁਆਰਾ ਕੀਤੀ ਜਾਣ ਵਾਲੀ ਹਿੰਸਾ ਨੂੰ ਕਾਬੂ ਪਾਉਣ ਹਿਤ ਇਹ "ਸੁਰੱਖਿਆ ਪ੍ਰਬੰਧ" ਕੀਤੇ ਗਏ ਹਨ।

5. ਉਹ ਜਿਨਸੀ ਹਿੰਸਾ, ਜੋਕਿ ਸਰਕਾਰੀ ਵਿਅਕਤੀਆਂ, ਖ਼ਾਸ ਤੌਰ ਤੇ ਪੁਲਿਸ ਜਾਂ ਫੌਜ ਵਲੋਂ ਕੀਤੀ ਜਾਂਦੀ ਹੈ : ਕਈ ਵਾਰੀ ਜਿਥੇ ਕੋਈ ਝਗੜਾ ਜਾਂ ਲੜਾਈ ਵੀ ਨਹੀਂ ਹੋਈ ਹੁੰਦੀ, ਉਥੇ ਵੀ ਵਰਦੀਧਾਰੀ-ਫੌਜੀ ਨਾਗਰਿਕਾਂ ਤੇ ਹਿੰਸਾ ਦਿਖਾਉਂਦੇ ਹਨ। ਫੌਜੀ ਆਪਣੀ ਧੱਕੇਸ਼ਾਹੀ ਤੇ ਮਰਦਾਨਗੀ ਦਿਖਾਉਂਦੇ ਹਨ ਅਤੇ ਇਹ ਧੱਕੇਸ਼ਾਹੀ ਜਿਨਸੀ-ਹਿੰਸਾ ਨਾਲ ਦਿਖਾਈ ਜਾਂਦੀ ਹੈ। ਇਹ ਆਪਣੀ ਤਾਕਤ ਅਤੇ ਜਬਰ ਦਿਖਾਉਣ ਦਾ ਇਕ ਹਥਿਆਰ ਮੰਨਿਆ ਜਾਂਦਾ ਹੈ। ਉਹ ਲੋਕ ਸੋਚਦੇ ਹਨ ਕਿ ਆਪਣੇ ਅਹੁਦੇ ਤੇ ਰੁਤਬੇ ਕਾਰਣ ਉਹ ਜੁਰਮ ਕਰਨ ਤੋਂ ਦੰਡ-ਮੁਕਤ ਹਨ। ਇਸੇ ਕਾਰਣ ਫੌਜ ਅੰਦਰ ਜਿਨਸੀ-ਹਿੰਸਾ ਦੀ ਦਰ ਕਾਫੀ ਜ਼ਿਆਦਾ ਹੁੰਦੀ ਹੈ, ਪੁਲਿਸ ਵਿਚ ਵੀ ਜਦੋਂ ਕੋਈ ਪੀੜਿਤ ਔਰਤ ਆਪਣੀ ਰਿਪੋਰਟ ਲਿਖਵਾਉਣ ਜਾਂਦੀ ਹੈ ਤਾਂ ਪਿਲਸ ਵਾਲੇ ਉਸਨੂੰ ਧਮਕੀਆਂ ਦਿੰਦੇ ਹਨ ਅਤੇ ਆਪਣੀ ਡਿਉਟੀ ਤੇ ਫਰਜ਼ਾਂ ਦੀ ਉਲੰਘਣਾ ਕਰਦੇ ਹਨ। ਇਸੇ ਪ੍ਰਕਾਰ ਫੌਜੀ-ਅੱਡਿਆਂ ਤੇ ਕੰਮ ਕਰਦੀਆਂ ਜਾਂ ਨੇੜੇ ਰਹਿੰਦੀਆਂ ਔਰਤਾਂ ਨਾਲ ਹਿੰਸਾ ਕੀਤੀ ਜਾਂਦੀ ਹੈ।

ਆਉਣ ਵਾਲੇ ਕਈ ਸਾਲਾਂ ਵਿਚ 'ਸੀ ਡਬਲਿਊ ਜੀ ਐਲ' ਫੌਜੀਆਂ ਵਲੋਂ ਔਰਤਾਂ ਨਾਲ ਕੀਤੀ ਜਾਂਦੀ ਹਿੰਸਾ ਨੂੰ ਰੋਕਣ ਲਈ ਵਿਸ਼ਵ-ਵਿਆਪੀ ਕਾਰਜ ਕੀਤੇ ਜਾਣਗੇ ਅਤੇ ਆਪਸੀ ਤਾਲਮੇਲ ਕਾਇਮ ਕੀਤਾ ਜਾਵੇਗਾ। ਸਾਲ-2011 ਦੀ ਮੁਹਿੰਮ ਦਾ ਉਦੇਸ਼ ਹੈ ਕਿ ਸਰਵ-ਵਿਆਪੀ ਤੌਰ ਤੇ ਔਰਤਾਂ ਦੇ ਅਧਿਕਾਰਾਂ ਸਬੰਧੀ ਲਹਿਰ ਵਿਚ ਵਿਚਾਰ-ਚਰਚਾ ਕੀਤੀ ਜਾ ਸਕੇ ਅਤੇ ਸਥਾਨਕ ਅਤੇ ਸੰਸਾਰਕ ਪੱਧਰ ਤੇ ਔਰਤਾਂ ਨਾਲ ਹਰ ਪੱਧਰ ਤੇ ਹੁੰਦੀ ਹਿੰਸਾ ਨੂੰ ਚੁਨੌਤੀ ਦਿੱਤੀ ਜਾ ਸਕੇ। ਇਹ ਇਕ ਨਿਰਣਾਕਾਰੀ ਸਮਾਂ ਹੈ, ਜਦੋਂ ਇਸ ਕਾਰਜ ਵਿਚ ਅਸੀਂ ਵਧੇਰੇ ਮਰਦਾਂ, ਨੌਜਵਾਨਾਂ, ਨੇਤਾਵਾਂ ਅਤੇ ਹੋਰ ਸਹਿਯੋਗੀਆਂ ਨੂੰ ਨਾਲ ਲੈ ਕੇ ਇਕ ਵਧੀਆਂ ਅਤੇ ਸ਼ਾਂਤੀਮਈ ਸੰਸਾਰ ਦੀ ਸਿਰਜਣਾ ਕਰ ਸਕਦੇ ਹਾਂ। ਲੜਾਈ ਜਾਂ ਯੁੱਧ ਦੀ ਸਥਿਤੀ ਸਮੇਂ ਤਾਂ ਫੌਜੀਆਂ ਬਾਰੇ ਵਿਚਾਰ ਚਰਚਾ ਕੀਤੀ ਹੀ ਜਾਂਦੀ ਹੈ, ਲੇਕਿਨ ਇਸ ਮੁਹਿੰਮ ਦਾ ਉਦੇਸ਼ ਹੈ ਕਿ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵੀ ਫੌਜੀਆਂ ਦੇ ਪ੍ਰਭਾਵਾਂ ਨੂੰ ਵਿਭਿੰਨ ਪ੍ਰਕਾਰ ਨਾਲ ਸਮਝ ਸਕੀਏ। ਇਸ ਸੋਲਾਂ ਦਿਨਾਂ ਮੁਹਿੰਮ ਦਾ ਵਿਸ਼ੇਸ਼ ਮੰਤਵ ਇਹ ਸੀ ਕਿ ਦੁਨੀਆਂ ਭਰ ਦੀਆਂ ਔਰਤਾਂ ਦੀ ਦੁਖ-ਭਰੀ ਵਿੱਥਿਆ ਸੁਣੀ ਜਾ ਸਕੇ ਅਤੇ ਸਾਰੀਆਂ ਔਰਤਾਂ ਨੂੰ ਇਕਮੁੱਠ ਕੀਤਾ ਜਾ ਸਕੇ। ਇਸਦਾ ਇਹ ਵੀ ਮਨੋਰਥ ਸੀ ਕਿ ਆਪਣੇ-ਆਪਣੇ ਦੇਸ਼ਾਂ ਵਿਚ ਹਿੰਸਾ ਸਬੰਧੀ ਲੋਕਾਂ ਦੀ ਅਤੇ ਫੌਜੀਆਂ ਦੀ ਮਾਨਸਿਕ-ਸੋਚ ਨੂੰ ਬਦਲਿਆ ਜਾ ਸਕੇ। ਮੁੱਖ ਤੌਰ ਤੇ ਇਸ ਵਿਸ਼ੇ ਤੇ ਕੇਂਦ੍ਰਿਤ ਕੀਤਾ ਗਿਆ ਕਿ 'ਜੇਕਰ ਘਰ ਵਿਚ ਸ਼ਾਂਤੀ ਹੋਵੇਗੀ ਤਾਂ ਹੀ ਸੰਸਾਰ ਵਿਚ ਸ਼ਾਂਤੀ ਹੋ ਸਕੇਗੀ।' ਅਹਿੰਸਾ ਨਾਲ ਅਸੀਂ ਆਪਣੇ ਮਿੱਤਰਾਂ, ਪਰਿਵਾਰਾਂ, ਬਰਾਦਰੀਆਂ, ਸਰਕਾਰਾਂ ਆਦਿ ਨੂੰ ਬਦਲ ਸਕਦੇ ਅਤੇ ਪ੍ਰਭਾਵਿਤ ਕਰ ਸਕਦੇ ਹਾਂ।
'ਸੀ ਡਬਲਿਊ ਜੀ ਐਲ' ਪਹਿਲਾਂ ਵਾਂਗ ਹੀ ਸਰਗਰਮ ਵਰਕਰਾਂ ਨੂੰ ਉਤਸ਼ਾਹਿਤ ਕਰਦੀ ਹੈ ਕਿ ਉਹ ਆਪਣੇ-ਆਪਣੇ ਖੇਤਰਾਂ ਦੇ ਉੱਚਿਤ ਨੁਕਤਿਆਂ ਲਈ ਇਸ ਸੋਲਾਂ-ਦਿਨਾਂ ਮੁਹਿੰਮ ਉੱਤੇ ਕੇਂਦ੍ਰਿਤ ਕਰਨ ਅਤੇ ਇਸਦਾ ਲਾਭ ਉਠਾਉਣ। ਇਸਦੇ ਨਾਲ ਹੀ ਅਸੀਂ ਇਹ ਵੀ ਆਸ ਕਰਦੇ ਹਾਂ ਕਿ ਤੁਸੀਂ ਵੀ ਇਸ ਅੰਤਰਰਾਸ਼ਟਰੀ-ਵਿਸ਼ੇ ਨਾਲ ਜੁੜੋਗੇ ਅਤੇ ਦੁਨੀਆਂ-ਭਰ ਦੇ ਸਰਗਰਮ-ਵਰਕਰਾਂ ਨਾਲ ਇਕਮੁੱਠ ਹੋ ਕੇ ਕਾਰਜ ਕਰੋਗੇ। ਉਪਰੋਕਤ ਪੰਜ ਨੁਕਤਿਆਂ ਤੇ ਹੋਰ ਅਧਿਐਨ ਕਰਨ ਲਈ 'ਸੀ ਡਬਲਿਊ ਜੀ ਐਲ' ਆਉਣ ਵਾਲੇ ਮਹੀਨਿਆਂ ਵਿਚ ਮੁਹਿੰਮ ਸਬੰਧੀ ਹੋਰ ਸਮੱਗਰੀ ਅਤੇ ਲਿਖਤੀ-ਦਸਤਾਵੇਜ਼ ਤਿਆਰ ਕਰੇਗੀ। 2011 ਦੀ ਮੁਹਿੰਮ ਦੇ ਵਿਕਾਸ ਲਈ ਅਸੀਂ ਤੁਹਾਨੂੰ ਆਪਣੇ ਨਾਲ ਜੋੜਦੇ ਹਾਂ।

**2011-ਕਾਰਜ ਸਬੰਧੀ ਸਮੱਗਰੀ ਜਾਂ ਸਾਜ਼-ਸਾਮਾਨ ਪ੍ਰਾਪਤ ਕਰੋ |**

'ਸੀ ਡਬਲਿਊ ਜੀ ਐਲ' ਲਿਖਤੀ-ਦਸਤਾਵੇਜ਼ ਅਤੇ ਮਿਹੰਮ ਸਬੰਧੀ ਹੋਰ ਸਮੱਗਰੀ ਤਿਆਰ ਕਰ ਰਿਹਾ ਹੈ, ਜਿਸ ਵਿਚ ਮੁਹਿੰਮ ਦੇ ਕਾਰਜਾਂ ਸਬੰਧੀ ਯੋਜਨਾ ਅਤੇ ਸੁਝਾਅ ਵੀ ਸ਼ਾਮਿਲ ਹਨ। ਇਹ ਸ੍ਰੋਤ 16 ਦਿਨਾਂ ਮੁਹਿੰਮ ਦੀ ਵੈੱਬਸਾਈਟ' 'ਤੇ ਸਤੰਬਰ ਤਕ ਭੇਜ ਦਿੱਤੇ ਜਾਣਗੇ। ਤੁਸੀਂ ਇਸ ਸਬੰਧੀ '16 ਦਿਨਾਂ ਮੁਹਿੰਮ' ਦੇ ਤਾਲਮੇਲ-ਅਧਿਕਾਰੀ ਨੂੰ ਵੀ ਲਿਖ ਸਕਦੇ ਹੋ ਕਿ ਉਹ ਤੁਹਾਨੂੰ ਇਸ ਸਮੱਗਰੀ ਦੀਆਂ ਕਾਪੀਆਂ ਭੇਜਣ (16 ਡੇਅਜ਼ " ਸੀ ਡਬਲਿਊ ਜੀ ਐਲ. ਰੁਟਗਰਸ.ਈਡੀਯੂ)। 'ਔਰਤਾਂ ਵਿਰੁੱਧ ਹਿੰਸਾ ਸਬੰਧੀ ਵੱਖ-ਵੱਖ ਵਿਸ਼ਿਆਂ ਤੇ ਸੂਚਨਾ ਅਤੇ
ਸ੍ਰੋਤ ਇਸ '16 ਦਿਨਾਂ ਵੈੱਬਸਾਈਟ' ਤੇ ਪਹਿਲਾਂ ਵਾਂਗ ਉਪਲੱਬਧ ਹਨ।

**ਸਾਡੇ ਨਾਲ ਕਿਵੇਂ ਜੁੜਿਆ ਜਾ ਸਕਦਾ ਹੈ :**

1. ਸਾਡੀ ਵੈੱਬਸਾਈਟ ਉੱਤੇ, ਇਸ ਮੁਹਿੰਮ ਸਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰੋ :

http://16dayscwgl.rutgers.edu

2. ਫਲਿੱਕਰ 'ਚੋਂ ਫੋਟੋਆਂ ਲੈ ਸਕਦੇ ਹੋ ਅਤੇ ਈ-ਮੇਲ ਕਰਕੇ ਆਪਣੀਆਂ ਫੋਟੋਆਂ ਸ਼ਾਮਿਲ ਕਰਨ ਲਈ ਸਾਨੂੰ ਭੇਜ ਸਕਦੇ ਹੋ: www.flickr.com/photos/16dayscampaign
3. 16 ਦਿਨਾਂ ਲਿਸਟਸਰਵ ਜਾਇਨ ਕਰਕੇ, ਨਵੀਆਂ ਈ-ਮੇਲਾਂ ਪ੍ਰਾਪਤ ਕਰੋ :

https://email.rutgers.edu/mailman/listinfo/16 days-discussion

4. ਯਾਦ ਰਖੋ ਕਿ ਨਵੰਬਰ ਦੇ ਮਹੀਨੇ ਵਿਚ ਆਪਣੀਆਂ ਯੋਜਨਾਵਾਂ, 'ਇੰਟਰਨੈਸ਼ਨਲ ਕਲੈਂਡਰ ਔਫ ਐਕਟੀਵਿਟੀਜ਼' ਨੂੰ ਔਨਲਾਈਨ ਤੇ ਭੇਜ ਦਿਉ। ਸਾਡੀ ਵੈੱਬਸਾਈਟ ਉੱਤੇ, ਇਸ ਸਬੰਧੀ ਫਾਰਮ, ਸਤੰਬਰ ਦੇ ਸ਼ੁਰੂ ਵਿਚ ਉਪਲੱਬਧ ਹੋ ਜਾਏਗਾ। ਪਿਛਲੇ ਵਰ੍ਹੇ ਦਾ ਕਲੈਂਡਰ ਤੁਸੀਂ ਇਸ ਸਾਈਟ ਤੇ ਦੇਖ ਸਕਦੇ ਹੋ : http://16dayscwgl.rutgers.edu/campaign-calender
5. ਫੇਸਬੁੱਕ ਤੇ ਤੁਸੀਂ ਸਾਡੇ ਪ੍ਰਸ਼ੰਸਕ ਬਣ ਸਕਦੇ ਹੋ (ਉਥੇ ਇਹ ਦੇਖੋ : "ਦੀ ਆਫੀਸ਼ਲ 16 ਡੇਅਜ਼ ਔਫ ਐਕਟੀਵਿਜ਼ਮ ਅਗੇਂਸਟ ਜੈਂਡਰ-ਵਾਇਲੈਂਸ ਕੰਪੇਨ")
6. ਤੁਸੀਂ ਸਾਨੂੰ ਜਦ ਮਰਜ਼ੀ ਈ-ਮੇਲ ਕਰ ਸਕਦੇ ਹੋ।

16days@cwgl.rutgers.edu

'ਜਿਨਸੀ ਹਿੰਸਾ ਵਿਰੁੱਧ 16 ਦਿੱਨਾਂ ਦੀ ਮੁਹਿੰਮ ਇਕ ਅੰਤਰਰਾਸ਼ਟਰੀ ਮੁਹਿੰਮ ਹੈ, ਜਿਹੜੀ ਕਿ ਔਰਤਾਂ ਦੀ ਪ੍ਰਥਮ ਗਲੋਬਲ ਲੀਡਰਸ਼ਿਪ ਇੰਸਟੀਚਿਊਟ ਵਿਚੋਂ ਹੀ ਨਿਕਲੀ ਹੈ, ਜਿਸਨੂੰ 'ਸੈਂਟਰ ਫੌਰ ਵੁਮੈਂਨਜ਼ ਗਲੋਬਲ ਲੀਡਰਸ਼ਿਪ (ਸੀ ਡਬਲਿਊ ਜੀ ਐਲ), ਰੁਟਗਰਜ਼ ਯੂਨੀਵਰਸਿਟੀ, 1991 ਨੇ ਸਪੌਂਸਰ ਕੀਤਾ ਹੈ। ਇਸ ਵਿਚ ਹਿੱਸਾ ਲੈਣ ਵਾਲਿਆਂ ਨੇ 25 ਨਵੰਬਰ ਨੂੰ 'ਔਰਤਾਂ ਵਿਰੁੱਧ ਹਿੰਸਾ ਦਾ ਅੰਤਰਰਾਸ਼ਟਰੀ ਦਿਵਸ' ਅਤੇ 10 ਦਸੰਬਰ ਨੂੰ 'ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ' ਦੇ ਤੌਰ ਤੇ ਚੁਣਿਆ। ਇਹ ਔਰਤਾਂ ਵਿਰੁੱਧ ਹਿੰਸਾ ਅਤੇ ਮਨੁੱਖੀ ਅਧਿਕਾਰਾਂ ਦੇ ਲਈ ਇਕ ਸੰਕੇਤ ਜਾਂ ਪ੍ਰਤੀਕ ਦੇ ਰੂਪ ਵਿਚ ਚੁਣੇ ਗਏ ਹਨ ਅਤੇ ਇਹ ਦਿਨ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਅਜਿਹੀ ਹਿੰਸਾ, ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।